# ਐਮ.ਪੀ.ਲੈਡਜ਼ ਸ਼ਾਖਾ ਦੀ ਮੀਟਿੰਗ ਦੀ ਕਾਰਵਾਈ (ਮਿਤੀ 25/4/16)

- ਐਮ.ਪੀ.ਲੈਡ ਸਕੀਮ ਤਹਿਤ ਪੰਜਾਬ ਰਾਜ ਦੀ ਕਾਰਗੁਜ਼ਾਰੀ ਸਮੂਹ ਰਾਜਾਂ ਦੀ ਤੁਲਣਾ ਵਿੱਚ ਤਸੱਲੀਬਖਸ਼ ਵਿਚਾਰੀ ਗਈ।

- ਸਕੀਮ ਅਧੀਨ ਵੱਖ ਵੱਖ ਐਮ.ਪੀ. ਸਾਹਿਬਾਨਾਂ ਦੀਆਂ ਪੈਡਿੰਗ ਕਿਸ਼ਤਾਂ ਸਬੰਧੀ ਅਣਸੈਕਸ਼ਨਡ ਰਾਸ਼ੀ, ਅਨਸਪੈਂਟ ਫੰਡਜ਼ ਨੂੰ ਡਿਟੇਲ ਵਿੱਚ ਰੀਵਿਊ ਕੀਤਾ ਗਿਆ। ਸਮੂਹ ਜ਼ਿਲ੍ਹਾ ਅਧਿਕਾਰੀਆਂ ਨੂੰ ਐਮ.ਪੀ.ਸਾਹਿਬਿਾਨਾਂ ਤੋਂ ਰਿਕਮੈਡੈਸ਼ਨਾਂ ਵੱਧ ਤੋਂ ਵੱਧ ਪ੍ਰਾਪਤ ਕਰਕੇ ਸੈਕਸ਼ਨ ਕਰਨ ਅਤੇ ਡਿਪਟੀ ਕਮਿਸ਼ਨਰਾਂ ਤੋਂ ਮਹੀਨਾਵਾਰ ਰੈਗੂਲਰ ਰੀਵਿਊ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ।

- ਉਪ ਅਰਥ ਅਤੇ ਅੰਕੜਾ ਸਲਾਹਕਾਰ ਮਾਨਸਾ ਅਤੇ ਰੂਪਨਗਰ ਤੋਂ ਜਲਦ ਰਿਟਾਇਰ ਹੋਣ ਵਾਲੇ ਰਾਜ ਸਭਾ ਐਮ.ਪੀ.ਸਾਹਿਬਾਨਾਂ ਤੋਂ ਵੀ ਰਿਕਮੈਡੇਸ਼ਨਾਂ ਲੈਣ ਲਈ ਤੁਰੰਤ ਡਿਪਟੀ ਕਮਿਸ਼ਨਰ ਸਾਹਿਬਾਨਾਂ ਤੋਂ ਪੱਤਰ ਲਿਖਵਾਉਣ ਦੇ ਆਦੇਸ਼ ਕੀਤੇ।

- ਸਬੰਧਤਾਂ ਨੂੰ ਨਵੇਂ ਰਾਜ ਸਭਾ ਦੇ ਮੈਂਬਰ ਸਾਹਿਬਾਨਾਂ ਨਾਲ ਤੁਰੰਤ ਤਾਲਮੇਲ ਕਰਨ ਅਤੇ ਉਨ੍ਹਾਂ ਪਾਸੋਂ ਨੋਡਲ ਜ਼ਿਲ੍ਹੇ ਬਾਰੇ ਜਾਣਕਾਰੀ ਲੈ ਕੇ ਜ਼ਿਲ੍ਹਾ ਲੈਵਲ ਤੇ ਬੈਂਕ ਖਾਤਾ ਖੋਲਣਾ ਅਤੇ ਹੋਰ ਫਾਰਮੈਲਟੀਜ਼ ਪੂਰੀਆਂ ਕਰਨ ਦੀ ਹਦਾਇਤ ਕੀਤੀ ਗਈ।

- ਸ੍ਰੀ ਅਸ਼ਵਨੀ ਕੁਮਾਰ ਐਮ.ਪੀ. ਰਾਜ ਸਭਾ ਜੋ ਰਿਟਾਇਰ ਹੋ ਚੁੱਕੇ ਹਨ ਵਲੋਂ ਰਿਟਾਇਰਮੈਂਟ ਤੋਂ ਪਹਿਲਾਂ ਦਿੱਤੀਆਂ ਸਿਫਾਰਸ਼ਾਂ ਤੇ ਤੁਰੰਤ ਗਾਈਡਲਾਈਨਾਂ ਅਨੁਸਾਰ ਕਾਰਵਾਈ ਕਰਨ ਲਈ ਖੋਜ ਅਫ਼ਸਰ ਗੁਰਦਾਸਪੁਰ ਨੂੰ ਆਦੇਸ਼ ਦਿੱਤੇ ਗਏ।

- ਸਕੀਮ ਅਧੀਨ ਡਵੀਜ਼ਨ ਲੈਵਲ ਤੇ ਡਵੀਜ਼ਨਲ ਕਮਿਸ਼ਨਰਾਂ ਤੋਂ ਰੀਵਿਊ ਕਰਵਾਉਣ ਲਈ ਉਥੇ ਤੈਨਾਨ ਉਪ ਅਰਥ ਅਤੇ ਅੰਕੜਾ ਸਲਾਹਕਾਰ/ਖੋਜ ਅਫ਼ਸਰ ਨੂੰ ਨਿਰਦੇਸ਼ ਦਿੱਤੇ ਕਿ ਉਹ ਕਮਿਸ਼ਨਰ ਸਾਹਿਬਾਂਨਾਂ ਤੋਂ ਰੈਗੂਲਰ ਰੀਵਿਊ ਕਰਵਾਉਣ ਲਈ ਉਨ੍ਹਾਂ ਨੂੰ ਸਮੇਂ ਸਿਰ ਫਾਈਲ/ਏਜੰਡਾ ਆਪਣੇ ਡੀ.ਸੀ. ਰਾਹੀਂ ਪੇਸ਼ ਕਰਨ।

- ਸਮੂਹ ਜ਼ਿਲ੍ਹਾ ਅਧਿਕਾਰੀਆਂ ਨੂੰ 10 ਦਿਨ੍ਹਾਂ ਦੇ ਅੰਦਰ ਅੰਦਰ ਡਵੀਜ਼ਨ ਲੈਵਲ ਤੇ ਰੀਵਿਊ ਕਰਵਾਉਣ ਲਈ ਆਪਣੇ ਜ਼ਿਲ੍ਹੇ ਨਾਲ ਸਬੰਧਤ ਡਵੀਜ਼ਨ ਹੈਡਕੁਆਰਟਰ ਤੇ ਉਥੇ ਤੈਨਾਤ ਉਪ ਅਰਥ ਅਤੇ ਅੰਕੜਾ ਸਲਾਹਕਾਰ/ਖੋਜ ਅਫ਼ਸਰ ਨੂੰ ਭੇਜਣਾ ਯਕੀਨੀ ਬਨਾਉਣ ਲਈ ਹਦਾਇਤ ਕੀਤੀ ਗਈ। ਵੇਰਵਾ ਹੇਠ ਦਿੱਤਾ ਗਿਆ ਹੈ:-

| **ਲੜੀ ਨੰ:** | **ਡਵੀਜ਼ਨ ਦਾ ਨਾਂ** | **ਡਵੀਜ਼ਨ ਹੈਡਕੁਆਰਟ ਤੇ ਤੈਨਾਤ ਜ਼ਿਲ੍ਹਾ ਅਧਿਕਾਰੀ** | **ਸਬੰਧਤ ਜ਼ਿਲ੍ਹੇ** |
|---|---|---|---|
| 1 | ਫਰੀਦਕੋਟ | ਸ੍ਰੀ ਨਰੇਸ਼ ਕੁਮਾਰ, ਖੋ.ਅ. | ਫਰੀਦਕੋਟ, ਬਠਿੰਡਾ ਅਤੇ ਮਾਨਸਾ |
| 2 | ਫਿਰੋਜ਼ਪੁਰ | ਸ੍ਰੀਮਤੀ ਪ੍ਰਵੀਨ ਕੁਮਾਰੀ, ਖੋ.ਅ. | ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਅਤੇ ਮੋਗਾ |
| 3 | ਪਟਿਆਲਾ | ਸ੍ਰੀਮਤੀ ਪਰਮਿੰਦਰ ਕੌਰ, ਉਪ.ਅ.ਅੰ.ਸ. | ਸੰਗਰੂਰ, ਪਟਿਆਲਾ, ਬਰਨਾਲਾ, ਲੁਧਿਆਣਾ ਅਤੇ ਫਤਿਹਗੜ੍ਹ ਸਾਹਿਬ |
| 4 | ਜਲੰਧਰ | ਸ੍ਰੀਮਤੀ ਰਾਣੀ, ਉਪ.ਅ.ਅੰ.ਸ. | ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਤਰਨਤਾਰਨ, ਅੰਮ੍ਰਿਤਸਰ, ਪਠਾਨਕੋਟ ਅਤੇ ਗੁਰਦਾਸਪੁਰ |
| 5 | ਰੂਪਨਗਰ | ਸ੍ਰੀ ਰਾਮ ਲੁਭਾਇਆ, ਉਪ.ਅ.ਅੰ.ਸ. | ਐਸ.ਏ.ਐਸ ਨਗਰ, ਰੂਪਨਗਰ ਅਤੇ ਐਸ.ਬੀ.ਐਸ. ਨਗਰ |

- ਸਕੀਮ ਤਹਿਤ ਫੰਡਾਂ ਦੀ ਵਰਤੋਂ ਸਬੰਧੀ ਡਿਪਟੀ ਕਮਿਸ਼ਨਰ ਸਾਹਿਬਾਂਨਾਂ ਤੋਂ ਕਾਰਜਕਾਰੀ ਏਜੰਸੀ ਵਾਈਜ਼ ਰੀਵਿਊ ਕਰਵਾਉਣ ਦੇ ਆਦੇਸ਼ ਦਿੱਤੇ ਗਏ।

- ਰੀਵਿਊ ਮੀਟਿੰਗਾਂ ਦੇ ਏਜੰਡੇ ਅਤੇ ਕਾਰਵਾਈਆਂ ਮੁੱਖ ਦਫ਼ਤਰ ਭੇਜਣਾ ਯਕੀਨੀ ਬਣਾਇਆ ਜਾਵੇ।

- 75 ਦਿਨ੍ਹਾਂ ਤੋਂ ਵੱਧ ਦੀਆਂ ਪੈਡਿੰਗ ਰਿਕਮੈਂਡੇਸ਼ਨਾਂ ਦੀ ਕੰਮ ਵਾਈਜ਼ ਡਿਟੇਲ ਮੁੱਖ ਦਫ਼ਤਰ ਭੇਜੀ ਜਾਵੇ।

- ਪੈਡਿੰਗ ਰਿਕਮੈਂਡੇਸ਼ਨਾਂ ਦੇ ਦਸਤਾਵੇਜ਼ ਤੁਰੰਤ ਪ੍ਰਾਪਤ ਕਰਨੇ ਯਕੀਨੀ ਬਣਾਏ ਜਾਣ।

- ਇੱਕ ਸਾਲ ਤੋਂ ਵੱਧ ਸਮੇਂ ਦੇ ਪ੍ਰਗਤੀ ਅਧੀਨ ਵੱਖ ਵੱਖ ਜ਼ਿਲਿਆਂ ਦੇ ਪੈਡਿੰਗ ਕੰਮਾਂ ਦੀ ਡਿਟੇਲ ਸਬੰਧਤ ਅਧਿਕਾਰੀ ਮੁੱਖ ਦਫ਼ਤਰ ਭੇਜਣੀ ਯਕੀਨੀ ਬਨਾਉਣ ਅਤੇ ਇਨ੍ਹਾਂ ਦਾ ਸਪੈਸ਼ਲ ਰੀਵਿਊ ਕਮਿਸ਼ਨਰ/ਡਿਪਟੀ ਕਮਿਸ਼ਨਰ ਲੈਵਲ ਤੇ ਕਰਵਾਕੇ ਅਗਲੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਦਾ ਨਿਪਟਾਰਾ ਕਰਨ।

- ਨੋਡਲ ਅਤੇ ਇੰਪਲੀਮੈਂਟਿੰਗ ਜ਼ਿਲ੍ਹਾ ਅਧਿਕਾਰੀ ਆਪਸ ਵਿੱਚ ਤਾਲਮੇਲ ਰੱਖਣ ਤਾਂ ਜ਼ੋ ਸਕੀਮ ਸੁਚੱਝੇ/ਸੁਚਾਰੂ ਢੰਗ ਨਾਲ ਲਾਗੂ ਹੋ ਸਕੇ।

- ਇੰਪਲੀਮੈਂਟਿੰਗ ਜ਼ਿਲ੍ਹਾ ਅਧਿਕਾਰੀ ਹਰ ਮਹੀਨੇ ਸਕੀਮ ਦੀ ਪ੍ਰਗਤੀ ਰਿਪੋਰਟ ਨੋਡਲ ਜ਼ਿਲ੍ਹੇ ਨੂੰ ਭੇਜਣੀ ਯਕੀਨੀ ਬਣਾਏ।

- 15ਵੀਂ ਲੋਕ ਸਭਾ ਦੇ ਅਜੇ ਵੀ ਚਾਰ ਨੋਡਲ ਜ਼ਿਲ੍ਹਿਆਂ ਦੇ ਅਣਵਰਤੇ ਪਏ 46.73 ਲੱਖ ਰੁਪਏ ਨੂੰ ਗੰਭੀਰਤਾ ਪੂਰਵਕ ਡਿਟੇਲ ਵਿੱਚ ਰੀਵਿਊ ਕੀਤਾ। ਉਪ ਅਰਥ ਅਤੇ ਅੰਕੜਾ ਸਲਾਹਕਾਰ ਅੰਮ੍ਰਿਤਸਰ, ਫਰੀਦਕੋਟ, ਮੋਗਾ, ਸ੍ਰੀ ਮੁਕਤਸਰ ਸਾਹਿਬ ਅਤੇ ਫਿਰੋਜ਼ਪੁਰ ਨੂੰ ਇਨ੍ਹਾਂ ਦਾ ਸਪੈਸ਼ਲ ਰੀਵਿਊ ਕਮਿਸ਼ਨਰ ਸਾਹਿਬ ਦੇ ਲੈਵਲ ਤੇ ਕਰਵਾਉਣ ਲਈ ਨਿਰਦੇਸ਼ ਦਿੱਤੇ। ਉਪ ਅਰਥ ਅਤੇ ਅੰਕੜਾ ਸਲਾਹਕਾਰ ਸੰਗਰੂਰ ਨੂੰ ਉਨ੍ਹਾਂ ਵਲੋਂ ਦਿੱਤੀ ਜਾਣਕਾਰੀ ਦੇ ਅਧਾਰ ਤੇ 7.40 ਲੱਖ ਰੁਪਏ ਦੇ ਬਕਾਇਆ ਫੰਡਾਂ ਦੇ ਲੇਖਿਆਂ ਨੂੰ ਤੁਰੰਤ ਫਾਈਨਲ ਕਰਨ ਅਤੇ ਰਾਸ਼ੀ 16ਵੀਂ ਲੋਕ ਸਭਾ ਵਿੱਚ ਤਬਦੀਲ ਕਰਨ ਦੇ ਆਦੇਸ਼ ਕੀਤੇ ਗਏ।

- ਉਪ ਅਰਥ ਅਤੇ ਅੰਕੜਾ ਸਲਾਹਕਾਰ ਅੰਮ੍ਰਿਤਸਰ, ਫਰੀਦਕੋਟ, ਫਿਰੋਜ਼ਪੁਰ ਅਤੇ ਸੰਗਰੂਰ ਨੂੰ 15ਵੀਂ ਲੋਕ ਸਭਾ ਦੇ ਅਣਵਰਤੇ ਫੰਡਾਂ ਦੀ ਡਿਟੇਲ (ਕਾਰਨਾਂ ਸਮੇਤ) ਤੁਰੰਤ ਮੁੱਖ ਦਫ਼ਤਰ ਵੀ ਭੇਜਣ ਦੇ ਆਦੇਸ਼ ਦਿੱਤੇ।

- ਸਕੀਮ ਅਧੀਨ ਅਨੁਸੂਚਿਤ ਜਾਤੀ/ਜਨ ਜਾਤੀ ਖੇਤਰਾਂ ਲਈ ਖਰਚੀ ਜਾਣ ਵਾਲੀ ਰਾਸ਼ੀ ਸਬੰਧੀ ਸਮੂਹ ਜ਼ਿਲ੍ਹਾ ਅਧਿਕਾਰੀ ਡਿਪਟੀ ਕਮਿਸ਼ਨਰ ਸਾਹਿਬਾਂਨਾਂ ਤੋਂ ਐਮ.ਪੀ.ਸਾਹਿਬਾਨਾਂ ਨੂੰ ਇਸ ਮੰਤਵ ਲਈ ਨਿਰਧਾਰਤ ਗਾਈਡਲਾਈਨਜ਼ ਲਿਖਤੀ ਧਿਆਨ ਵਿੱਚ ਲਿਆਉਣ।

- ਉਪ ਅਰਥ ਅਤੇ ਅੰਕੜਾ ਸਲਾਹਕਾਰ ਫਾਜ਼ਿਲਕਾ ਨੂੰ ਸ਼ਕਾਇਤ ਸਬੰਧੀ "Fact Finding Report" ਤੁਰੰਤ ਮੁੱਖ ਦਫ਼ਤਰ ਭੇਜਣ ਦੇ ਆਦੇਸ਼ ਕੀਤੇ।

- ਸਕੀਮ ਅਧੀਨ Sign Board ਲਗਵਾਉਣੇ ਯਕੀਨੀ ਬਣਾਏ ਜਾਣ।